# 5

# ਪ੍ਰੇਮ, ਨਾਮ ਤੇ ਅੰਮ੍ਰਿਤ ਵਿਕਾਊ ਨਹੀਂ ਹਨ ਅਤੇ ਮਿਲਦੇ ਸੀਸ ਦੇ ਵੱਟੇ ਹਨ।

## Prem, Naam Te Amrit Vikau Nahi Han Ate Milde Sees De Vate Han

*"ਜਿਸ ਸਿੱਖ ਨੇ ਅੰਮ੍ਰਿਤ ਛਕਿਆ ਹੈ, ਅੰਮ੍ਰਿਤਧਾਰੀ ਹੈ, ਰਹਿਣੀ ਵਿੱਚ ਰਹਿੰਦਾ ਹੈ ਗੁਰੂ ਪਰਾਇਣ ਹੈ ਉਸ ਸਿੱਖ ਦੀ ਪਦਵੀ ਕੀ ਹੈ" ? ਫ਼ੁਰਮਾਇਆ ਕਿ "ਦੇਵਤੇ, ਸੁਰ, ਨਰ, ਮੁਨ, ਜਨ ਇਹ ਸਭ ਇਸ ਪਦਵੀ ਨੂੰ ਲੋਚਦੇ ਹਨ ਪਰ ਪੁੱਜ ਨਹੀਂ ਸਕਦੇ।"*

*- ਬਾਬਾ ਨੰਦ ਸਿੰਘ ਜੀ ਮਹਾਰਾਜ*

## ਸਾਚੁ ਕਹੌ ਸੁਨ ਲੇਹੁ ਸਭੈ
## ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ

ਸਾਹਿਬ ਫੁਰਮਾਉਂਦੇ ਹਨ ਤਿੰਨ ਚੀਜ਼ਾਂ ਵਿਕਾਊ ਨਹੀਂ ਹਨ 'ਪ੍ਰੇਮ' ਵਿਕਾਊ ਨਹੀਂ ਹੈ, 'ਨਾਮ' ਵਿਕਾਊ ਨਹੀਂ ਹੈ, ਜਿਹੜਾ ਸਾਹਿਬ 'ਅੰਮ੍ਰਿਤ' ਲੈ ਕੇ ਆਏ ਹਨ ਜਿਸ ਦੀ ਵਰਖਾ ਉਨ੍ਹਾਂ ਨੇ ਕੀਤੀ ਹੈ ਉਹ ਵਿਕਾਊ ਨਹੀਂ ਹੈ | ਇਸ ਦਾ ਮੁੱਲ ਕੀ ਹੈ? ਸਾਹਿਬ ਆਪ ਹੀ ਫੁਰਮਾਉਂਦੇ ਹਨ :

ਜਉ ਤਉ ਪ੍ਰੇਮ ਖੇਲਣ ਦਾ ਚਾਉ||

ਸਿਰੁ ਧਰਿ ਤਲੀ ਗਲੀ ਮੇਰੀ ਆਉ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1412)*

ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ "ਇਸ ਪ੍ਰੇਮ ਦੇ ਮਾਰਗ ਉੱਤੇ ਪੈਰ ਰੱਖਣਾ ਹੀ, ਚਲਣਾ ਹੀ ਆਰੰਭ ਉਦੋਂ ਹੁੰਦਾ ਹੈ ਜਿਸ ਵਕਤ,

ਇਤੁ ਮਾਰਗਿ ਪੈਰੁ ਧਰੀਜੈ ||

ਸਿਰੁ ਦੀਜੈ ਕਾਣਿ ਨ ਕੀਜੈ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1412)*

ਸੀਸ ਦੇ ਕੇ ਹੀ ਪ੍ਰੇਮ ਦਾ ਰਸਤਾ ਸ਼ੁਰੂ ਹੁੰਦਾ ਹੈ" | ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ ਨਾਮ ਹੈ ਕੀ ? ਇਹ ਕਿਹੜਾ ਸੌਦਾ ਹੈ ?

"ਨਾਮ ਸਿਰ ਸਿਰ ਦਾ ਸੌਦਾ ਹੈ, ਨਾਮ ਸਿਰੇ ਦਾ ਸੌਦਾ ਹੈ ਇਹ ਸੀਸ ਦੇ ਵੱਟੇ ਮਿਲਦਾ ਹੈ"|

ਅੰਮ੍ਰਿਤ, ਜੇਵਡੁ ਆਪਿ ਤੇਵਡੁ ਤੇਰੀ ਦਾਤਿ || ਦਸਮੇਸ਼ ਪਿਤਾ ਨੇ ਬਖਸ਼ਿਸ਼ ਕੀਤੀ ਅੱਸੀ ਹਜਾਰ ਸੰਗਤ ਇਕੱਠੀ ਹੋਈ ਪਰ ਅੰਮ੍ਰਿਤ ਦਾ ਮੁੱਲ ਕੀ ਚੁਕਾਉਣਾ ਪਿਆ ? ਅੰਮ੍ਰਿਤ ਦਾ ਮੁੱਲ ਪੰਜ ਪਿਆਰਿਆਂ ਨੇ ਸੀਸ ਦੇ ਕੇ ਚੁਕਾਇਆ ਹੈ | ਸਾਧ ਸੰਗਤ ਜੀ ਸੀਸ ਦੇ ਵੱਟੇ ਪ੍ਰੇਮ ਮਿਲਦਾ ਹੈ, ਸੀਸ ਦੇ ਵੱਟੇ ਨਾਮ ਮਿਲਦਾ ਹੈ ਅਤੇ ਸੀਸ ਦੇ ਵੱਟੇ ਹੀ ਅੰਮ੍ਰਿਤ ਮਿਲਦਾ ਹੈ |

ਏਕ ਬੂੰਦ ਗੁਰਿ ਅੰਮ੍ਰਿਤ ਦੀਨੋ

ਤਾ ਅਟਲੁ ਅਮਰੁ ਨ ਮੁਆ ||

ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ

ਫਿਰਿ ਲੇਖਾ ਮੂਲਿ ਨ ਲਇਆ||

*ਸ੍ਰੀ ਗੁਰੂ ਅਰਜਨ ਦੇਵ ਜੀ*

ਬਾਬਾ ਨੰਦ ਸਿੰਘ ਸਾਹਿਬ ਇੱਕ ਦਿਨ ਫੁਰਮਾਉਣ ਲੱਗੇ ਕਿ "ਸਤਿਗੁਰੂ ਨੇ ਲੈਣਾ ਕੀ ਹੈ" ? ਫਿਰ ਆਪ ਹੀ ਫੁਰਮਾਇਆ

ਸਤਿਗੁਰੂ ਨੇ ਇਹ ਦੇਣ ਵਾਲੀ 'ਮੈਂ' ਲੈਣੀ ਹੈ ਕਿਹੜੀ 'ਮੈ' ਜਿਹੜੀ ਸੀਸ ਦੇ ਰਹੀ ਹੈ ਉਸ 'ਮੈਂ' ਨੂੰ ਲੈਣਾ ਹੈ" | ਸਾਹਿਬ ਦੇ ਚਰਨਾਂ ਵਿੱਚ ਕੁੱਝ ਅਰਪਨ ਕਰਕੇ, ਸੀਸ ਅਰਪਣ ਕਰਕੇ ਅੱਗੇ ਕੀ ਕੁੱਝ ਦੇਣਾ ਪੈਂਦਾ ਹੈ, ਇਸਨੂੰ ਸਮਝਣ ਵਾਸਤੇ, ਇਹ ਮਾਰਗ ਕਿੰਨਾਂ ਕੁ ਲੰਬਾ ਹੈ, ਇਹ ਮਾਰਗ ਕਿੰਨਾ ਕੁ ਮੁਸ਼ਕਿਲ ਹੈ ਕਿਉਂਕਿ ਹਰ ਇੱਕ ਜਣੇ ਪਾਸ ਇਹ ਦਾਤ ਨਹੀਂ ਹੈ | ਜੇ ਸਭ ਕੁੱਝ ਦੇ ਕੇ ਹੀ ਲੈਣਾ ਪੈਂਦਾ ਹੈ, ਆਪ ਸਾਹਿਬ ਨੇ ਕੀ ਕੁੱਝ ਦਿੱਤਾ, ਇਸ ਅੰਮ੍ਰਿਤ ਦਾ ਮੁੱਲ ਕਿਸ ਤਰ੍ਹਾਂ ਚੁਕਾਇਆ ਹੈ, ਸਾਹਿਬ ਇਸ ਦਾ ਮੁੱਲ ਕੀ ਦੱਸਦੇ ਹਨ ?

ਦਸਮੇਸ਼ ਪਿਤਾ ਜੀ ਨੇ ਜਦੋਂ ਬਚਨ ਕੀਤਾ ਹੈ ਕੀ ਇੱਕ ਸੀਸ ਚਾਹੀਦਾ ਹੈ,

ਸਤਿਗੁਰ ਬਚਨ ਬਚਨ ਹੈ ਸਤਿਗੁਰ||

*ਗੁਰੂ ਰਾਮਦਾਸ ਜੀ*

ਜਿਹੜਾ ਸਿੱਖ ਸਤਿਗੁਰੂ ਦੇ ਉਸ ਹੁਕਮ ਤੇ ਚੜ੍ਹ ਗਿਆ ਉਸ ਨੂੰ ਅੰਮ੍ਰਿਤ ਦੀ ਪ੍ਰਾਪਤੀ ਹੋ ਗਈ, ਫਿਰ ਗੁਰੂ ਸਾਹਿਬਾਨ ਇਸ ਅਮ੍ਰਿਤ ਦੇ ਬਾਰੇ ਆਪਣੀ ਪਾਵਨ ਬਾਣੀ ਵਿੱਚ ਕੀ ਫੁਰਮਾਉਂਦੇ ਹਨ|

ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ||

ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ||

ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ||

ਅ੍ਰੰਮਿਤੁ ਪੀਆ ਸਤਿਗੁਰਿ ਦੀਆ||

ਅਵਰੁ ਨ ਜਾਣਾ ਦੂਆ ਤੀਆ||

ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ||

*ਸ੍ਰੀ ਗੁਰੂ ਨਾਨਕ ਦੇਵ ਜੀ*

ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ||
ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ||
ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ||

*ਗੁਰੂ ਅੰਗਦ ਦੇਵ ਜੀ*

ਅੰਮ੍ਰਿਤੁ ਵਰਸੈ ਸਹਜਿ ਸੁਭਾਏ||
ਗੁਰਮੁਖਿ ਵਿਰਲਾ ਕੋਈ ਜਨੁ ਪਾਏ||
ਅੰਮ੍ਰਿਤ ਪੀ ਸਦਾ ਤ੍ਰਿਪਤਾਸੇ
ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ||

*ਸ੍ਰੀ ਗੁਰੂ ਅਮਰਦਾਸ ਜੀ*

ਸਤਿਗੁਰੁ ਧਰਤੀ ਧਰਮ ਹੈ
ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਇ ||
ਗੁਰਸਿਖੀ ਅੰਮ੍ਰਿਤੁ ਬੀਜਿਆ
ਤਿਨ ਅੰਮ੍ਰਿਤ ਫਲੁ ਹਰਿ ਪਾਏ||

*ਸ੍ਰੀ ਗੁਰੁ ਰਾਮਦਾਸ ਜੀ*

ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ
ਤਾ ਅਟਲੁ ਅਮਰੁ ਨ ਮੁਆ ||
ਭਗਤਿ ਭੰਡਾਰ ਗੁਰਿ ਨਾਨਕ ਕਉ

ਸਉਪੇ ਫਿਰਿ ਲੇਖਾ ਮੂਲਿ ਨ ਲਇਆ||

*ਸ੍ਰੀ ਗੁਰੂ ਅਰਜਨ ਦੇਵ ਜੀ*

ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ "ਸਿੱਖ ਨੇ ਗੁਰੂ ਨੂੰ ਦੇਣਾ ਹੀ ਦੇਣਾ ਹੈ ਜੇ ਅਜੇ ਲੈਣ ਦੇ ਵਿੱਚ ਹੈ ਤਾਂ ਜੁਦਾਈ ਹੈ" |

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ

ਹੁਕਮਿ ਮੰਨਿਐ ਪਾਈਐ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-918)*

ਸਿੱਖ ਨੇ ਸਭ ਕੁੱਝ, ਜੋ ਗੁਰੂ ਦੀ ਅਮਾਨਤ ਹੈ, ਗੁਰੂ ਦੇ ਚਰਨਾਂ ਵਿੱਚ ਸੌਂਪਣੀ ਹੈ ਸਭ ਕੁੱਝ ਦੇਣਾ ਹੀ ਦੇਣਾ ਹੈ | ਜੇ ਅਜੇ ਲੈਣ ਵਿੱਚ ਹੈ ਤਾਂ ਗੁਰੂ ਦੀ ਪ੍ਰਸੰਨਤਾ, ਗੁਰੂ ਦੀ ਖੁਸ਼ੀ, ਗੁਰੂ ਦੀ ਪ੍ਰਾਪਤੀ ਬਹੁਤ ਦੂਰ ਹੈ | ਸਾਹਿਬ ਅੱਗੇ ਫੁਰਮਾਉਣ ਲੱਗੇ ਗੁਰੂ ਪਦਾਰਥਾਂ ਦਾ ਭੁੱਖਾ ਨਹੀਂ ਹੈ ਪਦਾਰਥ ਤਾਂ ਗੁਰੂ ਸਾਨੂੰ ਬਖਸ਼ਦਾ ਹੈ | ਉਹ ਪਦਾਰਥਾਂ ਦਾ ਭੁੱਖਾ ਨਹੀਂ ਹੈ, ਉਹ ਪ੍ਰੇਮ ਦਾ ਭੁੱਖਾ ਹੈ, ਭਾਵਨਾ ਦਾ ਭੁੱਖਾ ਹੈ, ਪਦਾਰਥਾਂ ਨਾਲ ਉਸਨੂੰ ਪ੍ਰਸੰਨ ਕਰਨਾ ਔਖਾ ਹੈ | ਉਸ ਨੂੰ, (ਗੁਰੂ ਨੂੰ) ਉਸਦੇ ਚਰਨਾਂ ਵਿੱਚ ਆਪਣੇ ਆਪ ਨੂੰ ਨਿਛਾਵਰ ਕਰਕੇ ਹੀ ਪ੍ਰਸੰਨ ਕੀਤਾ ਜਾ ਸਕਦਾ ਹੈ, ਸਾਹਿਬ ਇਹ ਪ੍ਰਕਾਸ਼ ਬਖਸ਼ ਰਹੇ ਹਨ | ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜਿਸ ਵਕਤ ਇਹ ਦਾਤ ਬਖ਼ਸ਼ ਰਹੇ ਹਨ, ਉਸ ਵੇਲੇ ਉਨ੍ਹਾਂ ਨੇ ਕਿਹੜਾ ਪਰਚਾ ਪਾਇਆ ? ਪ੍ਰੇਮ ਦਾ ਪਰਚਾ |

ਬਾਬਾ ਨੰਦ ਸਿੰਘ ਸਾਹਿਬ ਫੁਰਮਾਉਣ ਲੱਗੇ "ਸਤਿਗੁਰੂ

ਇੱਕੋ ਹੀ ਥਰਮਾਮੀਟਰ ਲਾਉਂਦਾ ਹੈ, ਉਸ ਦੇ ਵਿੱਚ ਇੱਕੋ ਹੀ ਪਾਰਾ ਚੜ੍ਹਦਾ ਹੈ, ਉਹ ਹੈ ਪ੍ਰੇਮ ਦਾ | ਸਤਿਗੁਰੂ ਕੋਈ ਹੋਰ ਚੀਜ਼ ਨਹੀਂ ਦੇਖਦਾ, ਸਿਰਫ ਪ੍ਰੇਮ ਨੂੰ ਹੀ ਦੇਖਦਾ ਹੈ |

ਜਿਸ ਵਕਤ ਇਹ ਪਰਚਾ ਪਾਇਆ ਹੈ ਉਸ ਪ੍ਰੇਮ ਦੇ ਪਰਚੇ ਵਿੱਚ ਪੰਜ ਨਿੱਤਰੇ," ਸਾਧ ਸੰਗਤ ਜੀ!

ਜੇਵਡੁ ਆਪਿ ਤੇਵਡੁ ਤੇਰੀ ਦਾਤਿ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-9)*

ਸਾਹਿਬ ਆਪ ਹੀ ਇਹ ਦਾਤ ਲੈ ਕੇ ਆਏ ਹਨ ਅਤੇ ਜੁਗਾਂ ਜੁਗਾਂ ਵਿੱਚ ਇਸ ਕਲਿਜੁਗ ਵਿੱਚ ਆ ਕੇ ਐਸੀ ਅਨਮੋਲ ਦਾਤ ਬਖਸ਼ੀ ਹੈ ਜਿਸਨੂੰ ਪ੍ਰੇਮ ਅਤੇ ਨਾਮ ਦੇ ਨਾਲ ਇਕੋ ਜੋਸਾ ਅਨਮੋਲ ਦਰਜ਼ਾ ਬਖਸ਼ਿਆ ਹੈ |

## ਅੰਮ੍ਰਿਤਧਾਰੀ ਸਿੱਖ ਦੀ ਰਹਿਣੀ

ਡ਼ੰਘ ਮਘਿਆਣੇ ਦੇ ਰੇਲਵੇ ਸਟੇਸ਼ਨ ਤੇ, ਬਾਬਾ ਨੰਦ ਸਿੰਘ ਸਾਹਿਬ ਜੀ ਨੇ ਗੱਡੀ ਫੜਨੀ ਹੈ, ਬਹੁਤ ਸੰਗਤ ਇੱਕਠੀ ਹੋਈ, ਗੱਡੀ ਲੇਟ ਸੀ ਬਾਬਾ ਨੰਦ ਸਿੰਘ ਸਾਹਿਬ ਬਾਹਰ ਬਿਰਜਾਮਾਨ ਸਨ ਬਹੁਤ ਸੰਗਤ ਆਲੇ ਦੁਆਲੇ ਬੈਠ ਗਈ | (ਇਕ ਸੀਨਅਰ ਸਬ ਜੱਜ ਜਿਸਨੇ ਪਹਿਲੀ ਵਾਰੀ ਦਰਸ਼ਨ ਕੀਤੇ ਸਨ, ਇਹ ਬਚਨ ਉਨ੍ਹਾਂ ਨੇ ਦੱਸੇ) | ਬਾਬਾ ਜੀ ਇਸ ਅੰਮ੍ਰਿਤ ਦੀ ਕੀਮਤ ਦੱਸ ਰਹੇ ਹਨ,

"ਜਿਸ ਸਿੱਖ ਨੇ ਅੰਮ੍ਰਿਤ ਛਕਿਆ ਹੈ, ਅੰਮ੍ਰਿਤਧਾਰੀ ਹੈ, ਰਹਿਣੀ ਵਿੱਚ ਰਹਿੰਦਾ ਹੈ ਗੁਰੂ ਪਰਾਇਣ ਹੈ ਉਸ ਸਿੱਖ ਦੀ

ਪਦਵੀ ਕੀ ਹੈ" ? ਫਿਰ ਫੁਰਮਾਇਆ ਕਿ "ਦੇਵਤੇ, ਸੁਰ, ਨਰ, ਮੁਨ, ਜਨ ਇਹ ਸਭ ਇਸ ਪਦਵੀ ਨੂੰ ਲੋਚਦੇ ਹਨ ਪਰ ਪੁੱਜ ਨਹੀਂ ਸਕਦੇ" |

*ਬਾਬਾ ਨੰਦ ਸਿੰਘ ਜੀ ਮਹਾਰਾਜ*

ਬਾਬਾ ਜੀ ਫੁਰਮਾਉਂਣ ਲੱਗੇ, "ਜਿਸ ਵਕਤ ਸਿੱਖਾਂ ਦੇ ਉੱਤੇ ਮੁਸੀਬਤਾਂ ਦੇ ਪਹਾੜ ਟੁੱਟ ਪਏ, ਸਿੱਖਾਂ ਦੇ ਸਿਰਾਂ ਦਾ ਮੁੱਲ ਪੈਣਾ ਸ਼ੁਰੂ ਹੋ ਗਿਆ, ਸਿੱਖਾਂ ਨੂੰ ਜੰਗਲਾਂ ਵਿੱਚ ਲੁਕ ਕੇ ਵਕਤ ਕੱਢਣਾ ਪਿਆ ਪਰ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਵਾਸਤੇ ਪਿੰਡਾਂ 'ਚ ਜਾਣਾ ਪੈਂਦਾ ਸੀ | ਕਈ ਵਾਰ ਐਸੇ ਮੌਕੇ ਵੀ ਆਏ ਜਦੋਂ ਉੱਥੇ ਛਾਪੇ ਪਏ | ਪਿੰਡਾਂ ਵਾਲੇ ਅੰਮ੍ਰਿਤਧਾਰੀ ਸਿੱਖ ਦੇ ਆਚਰਣ ਦਾ ਬਹੁਤ ਸਤਿਕਾਰ ਤੇ ਇੱਜਤ ਕਰਦੇ ਸਨ | ਫਿਰ ਜਦੋਂ ਛਾਪੇ ਪਏ, ਐਸਾ ਮੌਕਾ ਵੀ ਆਇਆ ਕਿ ਸਿੱਖਾਂ ਨੂੰ ਆਪਣੀਆਂ ਲੜਕੀਆਂ ਨਾਲ ਸੁਵਾ ਦਿੱਤਾ, ਇਹ ਕਿਹਾ ਕਿ ਸਾਡਾ ਦਾਮਾਦ ਸੁੱਤਾ ਪਿਆ ਹੈ" | ਬਾਬਾ ਨੰਦ ਸਿੰਘ ਸਾਹਿਬ ਫੁਰਮਾਉਣ ਲੱਗੇ ਕਿ,

"ਉਸ ਅੰਮ੍ਰਿਤਧਾਰੀ ਸਿੱਖ, ਜਿਹੜਾ ਰਹਿਣੀ ਵਿੱਚ ਪੂਰਾ ਹੈ ਅਤੇ ਗੁਰੂ ਪਰਾਇਣ ਹੈ, ਜਿਸ ਦੀ ਬਿਰਤੀ ਗੁਰੂ ਚਰਨਾਂ ਵਿੱਚ ਹੈ, ਉਸ ਉੱਤੇ ਸੁਪਨੇ ਵਿੱਚ ਵੀ ਲੇਸ ਮਾਤਰ ਕਾਮ ਦਾ ਅਸਰ ਨਹੀਂ ਹੋ ਸਕਦਾ"|

ਕਿਸ ਸਿੱਖ ਦੀ ਅਵਸਥਾ ਦਸ ਰਹੇ ਹਨ ?

ਜਿਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਬਖਸ਼ਿਆ ਹੋਇਆ ਅੰਮ੍ਰਿਤ ਪੀਤਾ ਹੈ, ਛਕਿਆ ਹੈ |

# ਗ੍ਰਿਹਸਤ ਮਾਰਗ

ਬਾਬਾ ਨੰਦ ਸਿੰਘ ਸਾਹਿਬ ਪਾਸ ਦੋ ਨਿਜੀ ਸੇਵਕਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਗਰੀਬ ਨਿਵਾਜ਼ ਸਾਨੂੰ ਆਪਣੀ ਸੇਵਾ ਵਿੱਚ ਰੱਖ ਲਵੋ, ਅਸੀਂ ਵਿਆਹ ਨਹੀਂ ਕਰਵਾਉਣਾ, ਸੇਵਾ ਕਰਾਂਗੇ, ਸਾਨੂੰ ਬਿਹੰਗਮ ਬਣਾ ਲਵੋ| ਬਾਬਾ ਨੰਦ ਸਿੰਘ ਸਾਹਿਬ ਅੱਗੋਂ ਕੀ ਫੁਰਮਾਉਂਦੇ ਹਨ,

"ਤੁਸੀ ਗ੍ਰਿਹਸਤ ਮਾਰਗ ਅਪਨਾਉਣਾ ਹੈ, ਤੁਸੀਂ ਰਾਜ ਯੋਗ ਕਰਨਾ ਹੈ, ਗ੍ਰਿਹਸਤ ਮਾਰਗ ਵਿੱਚ ਰਹਿੰਦੇ ਹੋਏ ਸੇਵਾ ਕਰਨੀ ਹੈ ਪਰ ਅੱਗੇ ਜੋ ਕਿਹਾ ਉਹ ਇਹ ਹੈ ਕਿ ਜੋ ਤਿਆਗ ਹੈ, ਜਿਹੜੀ ਕੁਰਬਾਨੀ ਹੈ, ਜਿਹੜਾ ਪ੍ਰੇਮ ਹੈ, ਇਸ ਦਾ ਪਰਚਾ ਸਿਰਫ ਸਾਧੂਆਂ, ਦਰਵੇਸ਼ਾਂ, ਫਕੀਰਾਂ ਵਾਸਤੇ ਹੀ ਨਹੀਂ ਹੈ, ਇਹ ਪਰਚਾ ਗ੍ਰਿਹਸਤੀਆਂ ਨੂੰ ਵੀ ਪੈਂਦਾ ਹੈ, ਇਹ ਮੌਕੇ ਗ੍ਰਿਹਸਤੀ ਦੀ ਜਿੰਦਗੀ ਵਿੱਚ ਵੀ ਆਉਂਦੇ ਹਨ" | ਫੁਰਮਾਇਆ ਕਿ "ਜਿਸ ਵੇਲੇ ਤਿਆਗ, ਕੁਰਬਾਨੀ ਅਤੇ ਪ੍ਰੇਮ ਦਾ ਪਰਚਾ ਪੈ ਜਾਏ ਉਸ ਵੇਲੇ ਬਾਬਾ ਨੰਦ ਸਿੰਘ ਸਾਹਿਬ ਉਨ੍ਹਾਂ ਦੋਵਾਂ ਨੂੰ ਫੁਰਮਾਉਂਣ ਲੱਗੇ ਗੁਰੂ ਸਾਹਿਬਾਨ ਦੇ ਪੂਰਨਿਆਂ ਨੂੰ ਚੇਤੇ ਕਰ ਲੈਣਾ" | "ਗਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਆਪਣਾ ਸਾਰਾ ਸਰਬੰਸ ਹੀ ਵਾਰ ਦਿੱਤਾ, ਨਿਛਾਵਰ ਕਰ ਦਿੱਤਾ | ਉਸ ਵੇਲੇ ਤਿਆਗ ਕੁਰਬਾਨੀ ਅਤੇ ਪ੍ਰੇਮ ਵਿੱਚ ਚੂਕਣਾ ਨਹੀਂ",

ਇਹ ਉਪਦੇਸ਼ ਬਾਬਾ ਨੰਦ ਸਿੰਘ ਸਾਹਿਬ ਦੇ ਰਹੇ ਹਨ | ਅਵਸਥਾ ਦੱਸ ਰਹੇ ਹਨ ਅੰਮ੍ਰਿਤਧਾਰੀ ਸਿੱਖ ਦੀ, ਰਹਿਣੀ ਵਾਲੇ ਸਿੱਖ ਦੀ, ਉਹ ਦਸਮੇਸ਼ ਪਿਤਾ ਦੀ ਬਖਸ਼ੀ ਹੋਈ ਉਸ ਦਾਤ ਦੀ ਜਿਹੜੀ ਤਿਆਗ, ਕੁਰਬਾਨੀ ਅਤੇ ਪ੍ਰੇਮ ਤੋਂ ਬਿਨਾਂ

ਨਹੀਂ ਮਿਲ ਸਕਦੀ | ਸਾਧ ਸੰਗਤ ਜੀ !

ਜਿਸ ਨੂੰ ਵੀ ਅਸਲ ਪ੍ਰੇਮ ਹੋਵੇਗਾ ਸਵਾਰਥੀ ਪ੍ਰੇਮ ਨਹੀਂ, ਮਤਲਬੀ ਪ੍ਰੇਮ ਨਹੀਂ, ਜਿਸ ਨੂੰ ਉੱਚਾ ਤੇ ਸੁੱਚਾ ਪ੍ਰੇਮ ਹੋਵੇਗਾ, ਉਹੋ ਸਤਿਗੁਰੂ ਦੇ ਉੱਪਰ ਕੁਰਬਾਨ ਹੋ ਸਕਦਾ ਹੈ | ਪ੍ਰੇਮ ਦੀ ਦੂਜੀ ਰੂਪ ਰੇਖਾ ਦੱਸਦੇ ਹਨ, ਕੁਰਬਾਨੀ ਹੈ | ਉਹੀ ਪਿਆਰੇ ਕੁਰਬਾਨ ਹੋਏ ਹਨ ਜਿਹੜੇ ਸਤਿਗੁਰੂ ਪਰਾਇਣ ਸਨ, ਜਿਹੜੇ ਸਤਿਗੁਰੂ ਦੀ ਪ੍ਰੀਤੀ ਵਿੱਚ ਕੁਰਬਾਨ ਸਨ, ਆਸ਼ਿਕ ਸਨ ਉਹੀ ਪਿਆਰੇ ਕੁਰਬਾਨ ਹੋਏ ਹਨ |

*ਬਾਬਾ ਨਰਿੰਦਰ ਸਿੰਘ ਜੀ*

ਜਉ ਤਉ ਪ੍ਰੇਮ ਖੇਲਣ ਕਾ ਚਾਉ ||
ਸਿਰੁ ਧਰਿ ਤਲੀ ਗਲੀ ਮੇਰੀ ਆਉ ||
ਇਤੁ ਮਾਰਗਿ ਪੈਰੁ ਧਰੀਜੈ ||
ਸਿਰੁ ਦੀਜੈ ਕਾਣਿ ਨ ਕੀਜੈ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1412)*

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ||
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ||
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ||
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1105)*

# ਗੁਰੂ ਨਾਨਕ ਪਾਤਸ਼ਾਹ ਦੇ ਚਾਰ ਸਰੂਪ

ਇੱਕ ਦਫਾ ਬਾਬਾ ਨੰਦ ਸਿੰਘ ਸਾਹਿਬ ਨੇ ਦੀਵਾਨ ਵਿੱਚ ਬਚਨ ਕਰਦਿਆਂ ਗੁਰੂ ਨਾਨਕ ਪਾਤਸ਼ਾਹ ਦੇ ਚਾਰ ਸਰੂਪ ਦੱਸੇ | ਪਹਿਲਾ ਸਰੂਪ ਨਿਰਾਕਾਰ, ਦੂਜਾ ਸਾਕਾਰ ਸਰੂਪ, ਤੀਜਾ ਗੁਰਬਾਣੀ ਅਤੇ ਚੌਥਾ ਸਰੂਪ ਨਿਮਰਤਾ | ਸਾਹਿਬ (ਗੁਰੂ ਨਾਨਕ ਪਾਤਸ਼ਾਹ) ਆਪ ਹੀ ਨਿਰੰਕਾਰ ਸਨ ਜਦ ਸਾਕਾਰ ਰੂਪ ਵਿੱਚ ਤਸ਼ਰੀਫ ਲਿਆਏ ਹਨ |

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1408)*

"ਵਾਹੁ-ਵਾਹੁ ਬਾਣੀ ਨਿਰੰਕਾਰ ਹੈ" || ਇਹ ਉਸ ਦਾ ਤੀਜਾ ਸਰੂਪ ਹੈ| ਚੌਥਾ ਸਰੂਪ ਸਾਹਿਬ (ਗੁਰੂ ਨਾਨਕ ਪਾਤਸ਼ਾਹ) ਦਾ 'ਨਿਮਰਤਾ' ਹੈ| ਸਾਹਿਬ ਫੁਰਮਾਉਂਦੇ ਹਨ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ||

ਨਾਨਕੁ ਤਿਨ ਕੈ ਸੰਗਿ ਸਾਥਿ

ਵਡਿਆ ਸਿਉ ਕਿਆ ਰੀਸ ||

ਜਿਥੈ ਨੀਚ ਸਮਾਲੀਅਨਿ

ਤਿਥੈ ਨਦਰਿ ਤੇਰੀ ਬਖਸੀਸ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-15)*

ਗੁਰੂ ਨਾਨਕ ਪਾਤਸ਼ਾਹ ਨੇ ਕਦੇ 'ਮੈਂ' ਨਾਨਕ ਨਹੀਂ ਕਿਹਾ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਮੈ' ਨਾਨਕ ਦਾ ਲਫਜ਼ ਨਹੀਂ ਕਿਹਾ | ਸਾਹਿਬ ਕਿਸ ਨਿਮਰਤਾ ਵਿੱਚ ਵਿੱਚਰ ਰਹੇ

ਹਨ| ਰੱਤੀ ਭਰ ਵਡਿਆਈ ਆਪਣੇ ਉੱਪਰ ਨਹੀਂ ਲਈ, ਸਾਰੀ ਵਡਿਆਈ ਨਿਰੰਕਾਰ ਨੂੰ, ਪਾਰਬ੍ਰਹਮ ਨੂੰ ਦੇ ਰਹੇ ਹਨ | ਗੁਰੂ ਸਾਹਿਬਾਨ ਨਿਮਰਤਾ ਦੇ ਪੂਰਨੇ ਪਾ ਰਹੇ ਹਨ | ਗੁਰੂ ਅੰਗਦ ਸਾਹਿਬ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਦੀ ਧੂੜ ਬਣ ਗਏ ਹਨ | ਗੁਰੂ ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਦੇ ਚਰਨਾਂ ਦੀ ਧੂੜ ਬਣ ਗਏ ਹਨ, ਨਿਮਰਤਾ ਅਤੇ ਗਰੀਬੀ ਦੇ ਪੂਰਨੇ ਪਾ ਰਹੇ ਹਨ | ਕਿਹੜੀ ਨਿਮਰਤਾ? ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਅੰਮ੍ਰਿਤਸਰ ਸਾਹਿਬ ਬਿਰਾਜਮਾਨ ਹਨ, ਪਤਾ ਲੱਗਾ ਬਾਬਾ ਸ੍ਰੀ ਚੰਦ ਜੀ ਮਹਾਰਾਜ ਆਏ ਹਨ, ਬਹੁਤ ਹੀ ਸਤਿਕਾਰ ਨਾਲ ਉਨ੍ਹਾਂ ਦਾ ਸਵਾਗਤ ਕੀਤਾ | ਬਾਬਾ ਸ੍ਰੀ ਚੰਦ ਜੀ ਮਹਾਰਾਜ ਨੂੰ ਉੱਚੇ ਆਸਨ ਤੇ ਬਿਠਾਇਆ ਅਤੇ ਉਨ੍ਹਾਂ ਦੇ ਪਾਵਨ ਚਰਨਾਂ ਵਿੱਚ ਆਪ ਬੈਠ ਗਏ | ਜਿਸ ਵਕਤ ਚਰਨਾਂ ਵਿੱਚ ਆਪ ਬੈਠੇ ਹਨ ਤੇ,

ਆਪਣੇ ਪਾਵਨ ਦਾੜ੍ਹੇ ਦੇ ਨਾਲ ਬਾਬਾ ਸ੍ਰੀ ਚੰਦ ਜੀ ਮਹਾਰਾਜ ਦੇ ਚਰਨ ਪਰਸ ਰਹੇ ਹਨ, ਸਾਫ ਕਰ ਰਹੇ ਹਨ |

ਬਾਬਾ ਸ੍ਰੀ ਚੰਦ ਜੀ ਮਹਾਰਾਜ ਉਨ੍ਹਾਂ ਦੀ ਨਿਮਰਤਾ ਵੇਖ ਕੇ ਉਸ ਗੁਰੂ ਨਾਨਕ ਪਾਤਸ਼ਾਹ, ਨਿਰੰਕਾਰ ਪਿਤਾ ਦੇ ਚਰਨਾਂ ਵਿੱਚ ਲੀਨ ਹੋ ਗਏ | ਕੁੱਝ ਦੇਰ ਬਾਅਦ ਉਨ੍ਹਾਂ ਨੇ ਆਪਣੇ ਪਾਵਨ ਨੇਤਰ ਖੋਲ੍ਹੇ ਤਾਂ ਗੁਰੂ ਰਾਮਦਾਸ ਜੀ ਸਚੇ ਪਾਤਸ਼ਾਹ ਨੂੰ ਇੱਕ ਬਚਨ ਕਰਦੇ ਹਨ | ਫੁਰਮਾਇਆ ਕਿ ਇੱਕ ਦਫਾ ਅਸੀਂ ਆਪਣੇ ਨਿਰੰਕਾਰ ਪਿਤਾ ਜੀ ਨੂੰ ਪੁੱਛਿਆ ਕਿ ਹੇ ਸੱਚੇ ਪਾਤਸ਼ਾਹ ਜੇ ਤੁਹਾਨੂੰ ਲੱਭਣਾ ਹੋਵੇ ਤਾਂ ਕਿੱਥੇ ਲੱਭੀਏ ? ਗੁਰੂ ਨਾਨਕ ਸਾਹਿਬ ਅੱਗੋਂ ਕੀ ਫੁਰਮਾਉਂਦੇ ਹਨ ?

(ਬਾਬਾ ਸ੍ਰੀ ਚੰਦ ਜੀ, ਗੁਰੂ ਰਾਮਦਾਸ ਜੀ ਨੂੰ ਦੱਸ ਰਹੇ

ਹਨ) ਸ੍ਰੀ ਚੰਦ "ਜੇ ਸਾਨੂੰ ਲੱਭਣਾ ਹੋਵੇ ਤਾਂ ਇਸ ਲੁਕਾਈ ਦੇ ਪੈਰਾਂ ਦੀ ਖਾਕ ਵਿੱਚੋਂ ਲੱਭ ਲੈਣਾ" | ਬਾਬਾ ਸ੍ਰੀ ਚੰਦ ਜੀ ਫੁਰਮਾਉਂਣ ਲੱਗੇ "ਇਸ ਵਕਤ ਅਸੀਂ ਤੁਹਾਡੇ ਵਿੱਚ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਨਿਮਰਤਾ ਤੇ ਗਰੀਬੀ ਦੀ ਉਹੀ ਝਲਕ ਤੁਹਾਡੇ ਚੇਹਰੇ ਤੇ ਦੇਖ ਰਹੇ ਹਾਂ" | ਫਿਰ ਹੱਥ ਜੋੜ ਕੇ ਬਾਬਾ ਸ੍ਰੀ ਚੰਦ ਜੀ ਮਹਾਰਾਜ ਨੇ ਤਿੰਨ ਵਾਰ ਕਿਹਾ ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ |

ਸਾਧ ਸੰਗਤ ਜੀ ! ਇਹ ਕੈਸੀ ਨਿਮਰਤਾ ਹੈ? ਪੰਚਮ ਪਿਤਾ ਸਾਡੇ ਵਾਸਤੇ ਜੋ ਕੁੱਝ ਕਰਕੇ ਗਏ ਹਨ, ਸਾਹਿਬ ਸਾਡੇ ਵਾਸਤੇ ਇੱਕ ਥਾਲ ਪਰੋਸ ਕੇ ਰੱਖ ਗਏ ਹਨ | ਸਾਹਿਬ ਕਿਸ ਤਰ੍ਹਾਂ ਦਾ ਪਿਆਰ ਕਰ ਰਹੇ ਹਨ | ਇੱਕ ਥਾਲ ਵਿੱਚ ਇੱਕ ਭੋਜਨ ਪਰੋਸ ਕੇ ਰੱਖ ਗਏ ਹਨ ਤੇ ਆਪ ਫੁਰਮਾ ਰਹੇ ਹਨ :

ਥਾਲ ਵਿਚਿ ਤਿੰਨਿ ਵਸਤੂ ਪਈਓ

ਸਤੁ ਸੰਤੋਖੁ ਵੀਚਾਰੋ ||

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ

ਜਿਸ ਕਾ ਸਭਸੁ ਅਧਾਰੋ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1429)*

ਸਾਹਿਬ ਨੇਇੱਕਥਾਲ ਪਰੋਸਿਆ ਹੈ, ਉਸ ਥਾਲ ਵਿੱਚ ਭੋਜਨ ਕੀ ਰੱਖਿਆ? ਅੰਮ੍ਰਿਤ ਨਾਮ ਦੇ ਵਿੱਚ 'ਸਤ', 'ਸੰਤੋਖ' ਤੇ 'ਬ੍ਰਹੰਮ ਵਿੱਚਾਰ'|

ਫਿਰ ਉਹ ਥਾਲ ਸਾਹਿਬ ਸਾਡੇ ਵਾਸਤੇ ਪਰੋਸ ਕੇ ਰੱਖ ਗਏ ਹਨ | ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਪੂਰੀ ਕਰਕੇ

ਫਿਰ ਸਾਹਿਬ ਨੇ ਆਪਣੇ ਉੱਪਰ ਵਡਿਆਈ ਲਈ ?

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ||
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ
ਆਪੇ ਤਰਸੁ ਪਇਓਈ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1429)*

ਗੁਰੂ ਅਰਜਨ ਪਾਤਸ਼ਾਹ ਆਪਣੇ ਉੱਤੇ ਕੋਈ ਵਡਿਆਈ ਨਹੀਂ ਲੈ ਰਹੇ | ਸਾਰੀ ਵਡਿਆਈ ਗੁਰੂ ਨਾਨਕ ਪਾਤਸ਼ਾਹ ਨੂੰ ਦੇ ਰਹੇ ਹਨ | ਗੁਰੂ ਅਰਜਨ ਪਾਤਸ਼ਾਹ (ਇਸ ਵੇਲੇ ਜਿੱਥੇ ਗੁਰੁਦੁਵਾਰਾ ਪਿੱਪਲੀ ਸਾਹਿਬ ਹੈ) ਕਾਬਲ ਦੀ ਸੰਗਤ ਦੀ ਸੇਵਾ ਕਰਨ ਵਾਸਤੇ ਲੰਗਰ ਆਪਣੇ ਸੀਸ ਤੇ ਚੁੱਕ ਕੇ ਮਾਤਾ ਗੰਗਾ ਜੀ ਨਾਲ ਸਾਰੀ ਸੰਗਤ ਨੂੰ ਪ੍ਰਸ਼ਾਦਾ ਛਕਾਉਂਦੇ, ਉਨ੍ਹਾਂ ਦੀਆਂ ਲੱਤਾਂ ਘੁੱਟਦੇ ਹਨ| ਜਿਸ ਵਕਤ ਕਾਬਲ ਦੀ ਸੰਗਤ, ਦਰਬਾਰ ਸਾਹਿਬ ਪਹੁੰਚਦੀ ਹੈ ਤਾਂ ਉਨ੍ਹਾਂ ਦੇ ਜੋੜੇ ਸਾਫ ਕਰਦੇ ਹਨ, ਫਿਰ ਉਹ ਗੁਰੂ ਅਰਜਨ ਪਾਤਸ਼ਾਹ ਕਿਸ ਨਿਮਰਤਾ ਵਿੱਚ ਦੋਵੇਂ ਹੱਥ ਜੋੜ ਕੇ ਸੰਗਤ ਨੂੰ ਕਹਿ ਰਹੇ ਹਨ ਕਿ :

“ਮੈ ਸੇਵਾ ਲੈਣ ਵਾਸਤੇ ਨਹੀਂ ਆਇਆ ਬਲਕਿ ਮੈਂ ਤੁਹਾਡੀ ਸੇਵਾ ਕਰਨ ਵਾਸਤੇ ਆਇਆ ਹਾਂ” |

ਇਹ ਪੰਜਵੇ ਗੁਰੂ ਨਾਨਕ ਆਪਣੀ ਸੰਗਤ ਨੂੰ ਕਹਿ ਰਹੇ ਹਨ | ਉਹ ਕਿਹੜੀ ਨਿਮਰਤਾ ਸੀ, ਕੋਈ ਵਡਿਆਈ ਲਈ ਸਾਹਿਬ ਨੇ ? ਕੈਸਾ ਇਲਾਹੀ ਭੋਜਨ ਦਾ ਥਾਲ ਪਰੋਸ ਕੇ ਸਾਡੇ ਵਾਸਤੇ ਰੱਖ ਗਏ ਹਨ |

# ਭਲੇ ਲੋਕੋ ਇਹ ਸੰਸਾਰ ਵੀ ਕਰਤਾਰ ਨੂੰ ਸਾਜ ਸਕਦਾ ਹੈ ?

ਆਉ ਜਰਾ ਦਸਮੇਸ਼ ਪਿਤਾ ਜੀ ਦੇ ਚਰਨਾਂ ਵਿੱਚ ਹਾਜ਼ਰੀ ਲਵਾਈਏ, ਸਾਹਿਬ ਕੀ ਦੱਸ ਰਹੇ ਹਨ|

ਜਿਸ ਵਕਤ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਮਦਮਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੁਬਾਰਾ ਲਿਖਵਾਇਆ, ਸਾਹਿਬ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਚੜ੍ਹਾਈ ਹੈ | ਸਾਧ ਸੰਗਤ ਜੀ ਆਪਣੀ ਤੁਲਨਾਂ ਗੁਰੂ ਨਾਲ ਨਹੀਂ ਕੀਤੀ, ਉਸ ਵੇਲੇ ਸਾਹਿਬ ਐਨੀ ਬਾਣੀ ਉਚਾਰ ਚੁੱਕੇ ਸਨ, ਆਪ ਨੇ ਆਪਣੀ ਬਾਣੀ ਦੀ ਤੁਲਨਾਂ ਗੁਰੂ ਨਾਨਕ ਦੀ ਬਾਣੀ ਨਾਲ ਨਹੀਂ ਕੀਤੀ | ਇੱਕ ਸ਼ਬਦ ਵੀ ਆਪਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਚੜ੍ਹਾਇਆ|

ਉਹ ਕਿਹੜੀ ਨਿਮਰਤਾ ਵਿੱਚ ਵਿੱਚਰ ਰਿਹਾ ਹੈ ਮੇਰਾ ਦਸਮੇਸ਼ ਪਿਤਾ, ਮੇਰਾ ਸਰਤਾਜ | ਸਾਧ ਸੰਗਤ ਜੀ ਖ਼ਾਲਸਾ ਸਾਜਿਆ ਹੈ ਪਰ ਉਸ ਵੇਲੇ ਕਹਿ ਕੀ ਰਹੇ ਹਨ :

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ||

ਨਹੀ ਮੋ ਸੇ ਗਰੀਬ ਕਰੋਰ ਪਰੇ ||

ਉਸ ਵੇਲੇ ਕਰੋੜਾਂ ਦੀ ਹੀ ਆਬਾਦੀ ਸੀ | ਅੱਜ ਤੱਕ ਕਿਸੇ ਸਿਰਜਣਹਾਰ ਨੇ, ਸਾਜਣ ਵਾਲੇ ਨੇ ਜਿਸ ਚੀਜ਼ ਨੂੰ ਸਾਜਿਆ ਹੋਵੇ ਉਸਨੂੰ ਇੰਨੀ ਵਡਿਆਈ ਦਿੱਤੀ ਹੈ ਕਿ ਇਸ ਨੇ ਮੈਨੂੰ ਸਾਜਿਆ ਹੈ | ਸਾਧ ਸੰਗਤ ਜੀ,

ਕੋਈ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਵੀ ਸਾਜ ਸਕਦਾ

ਹੈ? ਇਹ ਗੁਰੂ ਨਾਨਕ ਦੇ ਘਰ ਦੀ ਨਿਮਰਤਾ ਹੈ ਜਿਸ ਵਿੱਚ ਉਹ ਵਿੱਚਰ ਰਹੇ ਹਨ | ਜਿਸ ਵਕਤ ਸਾਹਿਬ ਇਹ ਕਹਿ ਰਹੇ ਹਨ, ਤੁਸੀਂ ਆਪ ਹੀ ਸੋਚ ਕੇ ਦੱਸੋ, ਭਲੇ ਲੋਕੋ ਇਹ ਸੰਸਾਰ ਵੀ ਕਰਤਾਰ ਨੂੰ ਸਾਜ ਸਕਦਾ ਹੈ ? ਇਸ ਸੰਸਾਰ ਦੀ ਰਚਨਾਂ ਵੀ ਰਚਨਹਾਰ ਨੂੰ ਸਾਜ ਸਕਦੀ ਹੈ ?

*ਬਾਬਾ ਨੰਦ ਸਿੰਘ ਜੀ ਮਹਾਰਾਜ*

ਦਸਮੇਸ਼ ਪਿਤਾ ਜਿਹੜੇ ਪ੍ਰਭੂ ਚਰਨਾਂ ਵਿੱਚੋਂ ਨਿਕਲ ਕੇ ਆਏ ਹਨ,

ਚਿਤ ਨ ਭਯੋ ਹਮਰੋ ਆਵਨ ਕਹ |

ਚੁਭੀ ਰਹੀ ਸ੍ਰਿਤਿ ਪ੍ਰਭ ਚਰਨਨ ਮਹ |

ਜਿਹੜੇ ਉਸ ਪ੍ਰਭੂ ਚਰਨਾਂ ਚੋਂ ਨਿਕਲ ਕੇ ਆਏ ਹਨ, ਆਪਣੇ ਆਪ ਨੂੰ ਕੁੱਝ ਨਹੀਂ ਕਿਹਾ | ਸਾਧ ਸੰਗਤ ਜੀ ! ਜਿਹੜੀ ਨਿਮਰਤਾ ਵਿੱਚ ਜ਼ਰਾ ਸੋਚ ਕੇ ਦੇਖੋ ਜੇ ਗੁਰੂ ਅੰਗਦ ਸਾਹਿਬ ਗੁਰੂ ਨਾਨਕ ਦੇ ਚਰਨਾਂ ਦੀ ਧੂੜ ਬਣ ਗਏ | ਪਿਤਾ ਜੀ ਕਹਿਣ ਲੱਗੇ, ਇਸ ਸਜਦੇ ਦਾ, ਇਹ ਡੰਡੌਤ ਕਰਨ ਦਾ, ਇਹ ਮੱਥਾ ਟੇਕਣ ਦਾ ਮਤਲਬ ਕੀ ਹੈ ? ਕਹਿਣ ਲੱਗੇ ਜਿਸ ਵਕਤ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਤੇ ਸਜਦਾ ਕੀਤਾ ਹੈ, ਮੱਥਾ ਟੇਕ ਦਿੱਤਾ ਫਿਰ ਉਹ ਆਪ ਉੱਠੇ ਹਨ ? ਗੁਰੂ ਨਾਨਕ ਦੇ ਚਰਨਾਂ ਦੀ ਧੂੜ ਬਣ ਗਏ| ਫਿਰ ਗੁਰੂ ਨਾਨਕ ਦੇ ਚਰਨਾਂ ਦੀ ਧੂੜ ਵਿੱਚੋਂ ਪ੍ਰਗਟ ਕੌਣ ਹੋਇਆ ? ਗੁਰੂ ਨਾਨਕ ਪਾਤਸ਼ਾਹ, ਗੁਰੂ ਨਾਨਕ ਨਿਰੰਕਾਰ | ਜੇ ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਜੀ ਦੇ ਚਰਨਾਂ ਦੀ ਧੂੜ ਬਣੇ ਹਨ, ਉਸ ਧੂੜ ਵਿੱਚੋਂ, ਉਸ ਨਿਮਰਤਾ ਵਿੱਚੋਂ ਉਨ੍ਹਾਂ ਨੇ

ਆਪਣਾ ਮਸਤਕ ਚੁੱਕਿਆ ਹੈ? ਉਸ ਮੱਥੇ, ਸਜਦੇ ਵਿੱਚੋਂ ਕੌਣ ਪ੍ਰਗਟ ਹੋਇਆ, ਉਹਦੇ ਵਿੱਚ ਉਹ ਆਪ ਤਾਂ ਹੈ ਹੀ ਨਹੀਂ, ਉਹ ਚਰਨਾਂ ਵਿੱਚ ਸਮਾ ਗਏ ਹਨ ਤੇ ਉੱਠਿਆ ਕੌਣ ? ਗੁਰੂ ਨਾਨਕ ਪਾਤਸ਼ਾਹ | ਗੁਰੂ ਰਾਮਦਾਸ ਸਾਹਿਬ ਚੌਥੇ ਪਾਤਸ਼ਾਹ ਜੀ ਦੀ ਇਹੀ ਮਸਾਲ ਲੈ ਲਵੋ | ਜਿਸ ਵਕਤ ਦਸਮੇਸ਼ ਪਿਤਾ ਜੀ ਕਹਿ ਰਹੇ ਹਨ :

ਚਿਤ ਨ ਭਯੋ ਹਮਰੋ ਆਵਨ ਕਹ ||

ਚੁਭੀ ਰਹੀ ਸ੍ਰਿਤਿ ਪ੍ਰਭ ਚਰਨਨ ਮਹ ||

ਸੱਚੇ ਪਾਤਸ਼ਾਹ ਆਪ ਵਡਿਆਈ ਲੈ ਹੀ ਨਹੀਂ ਰਹੇ ਸਾਰੀ ਵਡਿਆਈ ਪ੍ਰਭੂ ਨੂੰ ਦੇ ਰਹੇ ਹਨ,

ਜਿਹੜੇ ਪ੍ਰਭੂ ਦੇ ਚਰਨਾਂ ਵਿੱਚ ਸੁਰਤ, ਬਿਰਤੀ ਚੁਭੀ ਹੋਈ ਹੈ, ਉਨ੍ਹਾਂ ਚਰਨਾਂ ਵਿੱਚੋਂ ਪ੍ਰਗਟ ਹੋ ਕੇ ਇਸ ਸੰਸਾਰ ਵਿੱਚ ਆਇਆ ਕੌਣ ਹੈ? ਸਾਧ ਸੰਗਤ ਜੀ ! ਉਹ ਪ੍ਰਭੂ ਹੀ ਆਇਆ ਹੈ ਕੋਈ ਹੋਰ ਨਹੀਂ ਆਇਆ, ਉਹ ਨਿਰੰਕਾਰ ਹੀ ਆਇਆ ਹੈ |

## ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ

ਸਾਧ ਸੰਗਤ ਜੀ ! ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਿਮਰਤਾ, ਮਿਸ਼ਨ ਪੂਰਾ ਹੋ ਗਿਆ ਫਿਰ ਖੇਡ ਵਰਤਾਉਣ ਲੱਗੇ ਹਨ, ਉਸ ਵੇਲੇ ਸੱਭ ਸਿੱਖਾਂ ਨੂੰ, ਇਸ ਦੁਨੀਆਂ ਨੂੰ, ਇਸ ਮਾਤਲੋਕ ਨੂੰ, ਕਿਸਦੇ ਲੜ ਲਾ ਰਹੇ ਹਨ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੈ ਨਾਰੀਅਲ, ਪੰਜ ਪੈਸੇ ਰੱਖੇ

ਹਨ, ਸਾਹਿਬ ਦੇ ਚਰਨਾਂ ਵਿੱਚ ਮੱਥਾ ਟੇਕਿਆ ਹੈ, ਪ੍ਰਕਰਮਾਂ ਕੀਤੀ ਹੈ, ਚੌਰ ਕੀਤੀ ਹੈ, ਸਾਹਿਬ ਦੇ ਚਰਨਾਂ ਵਿੱਚ ਹੱਥ ਜੋੜ ਕੇ ਖੜ੍ਹੇ ਹਨ, ਗੁਰੂ ਗੋਬਿੰਦ ਸਿੰਘ ਸਾਹਿਬ ਹੁਣ ਹੁਕਮ ਕੀ ਦੇ ਰਹੇ ਹਨ?

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ||

ਗੁਰੂ ਗ੍ਰੰਥ ਜੀ ਮਾਨੀਐ ਪ੍ਰਗਟ ਗੁਰਾਂ ਕੀ ਦੇਹ ||

ਕੀ ਹੁਕਮ ਦਿੱਤਾ ਹੈ ? ਉਸ ਵੇਲੇ ਆਪਣਾ ਸਭ ਕੁੱਛ ਸਮੇਟ ਕੇ, ਆਪਣਾ ਸਭ ਕੁੱਛ ਨਿਛਾਵਰ ਕਰਕੇ, ਉਸ ਪ੍ਰੇਮ ਵਿੱਚ ਜਿਸ ਪ੍ਰੇਮ ਵਿੱਚ ਕੁਰਬਾਨੀ ਉਸਦਾ ਦੂਜਾ ਸਰੂਪ ਹੈ, ਰੂਪ ਰੇਖਾ ਹੈ, ਸਾਰਾ ਸਰਬੰਸ ਉਸ ਦੇ ਪ੍ਰੇਮ ਵਿੱਚ ਕੁਰਬਾਨ ਕਰ ਦਿੱਤਾ ਹੈ | ਆਪਣਾ ਸਭ ਕੁੱਛ ਨਿਛਾਵਰ ਕਰਕੇ, ਸੰਕੋਚ ਕੇ, ਆਪ ਲਾਂਭੇ ਖੜ੍ਹੇ ਹੋ ਗਏ | ਜਿਸ ਤਰ੍ਹਾਂ ਪੰਚਮ ਪਿਤਾ ਸੱਚੇ ਪਾਤਸ਼ਾਹ ਆਪ ਲਾਂਭੇ ਖੜ੍ਹੇ ਹੋ ਗਏ, ਫਰਸ਼ ਤੇ ਹੋ ਗਏ ਤੇ ਸਾਰੀ ਮਨੁੱਖਤਾ ਦਾ ਮੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਕਰਕੇ, ਅੱਗ ਵਿੱਚ ਆਸਣ ਲਾ ਲਿਆ | ਅੱਜ ਦਸਮੇਸ਼ ਪਿਤਾ ਨੇ ਸਾਰੇ ਕਰਜੇ ਚੁਕਾ ਕੇ, ਆਪਣਾ ਸਭ ਕੁੱਛ ਕੁਰਬਾਨ ਕਰਕੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਸਭ ਦਾ ਮੁੱਖ ਕਰਕੇ, ਸਭ ਨੂੰ ਉਨ੍ਹਾਂ ਦੇ ਚਰਨਾਂ ਵਿੱਚ ਸੌਂਪ ਕੇ ਸਾਹਿਬ ਆਪ ਅਲਾਹਿਦਾ ਖੜ੍ਹੇ ਹਨ ਪਰ ਸਾਧ ਸੰਗਤ ਜੀ ! ਮੇਰੇ ਸਾਹਿਬ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੋਈ ਵਡਿਆਈ, ਕੋਈ ਮਾਣ ਆਪਣੇ ਉੱਪਰ ਨਹੀਂ ਲਿਆ |

ਬਾਬਾ ਨੰਦ ਸਿੰਘ ਸਾਹਿਬ ਨੇਇੱਕਬਚਨ ਕੀਤਾ ਕਹਿਣ ਲੱਗੇ ! ਜੇ ਗੁਰੂ ਨਾਨਕ ਪਾਤਸ਼ਾਹ ਦੇ ਵਿੱਚ ਆਪਣੀ ਕੋਈ ਪਕੜ ਨਹੀਂ ਹੈ ਸਭ ਨੂੰ ਪਾਰਬ੍ਰਹਮ ਨਿਰੰਕਾਰ ਨਾਲ ਜੋੜ

ਰਹੇ ਹਨ, ਸਾਰੀ ਵਡਿਆਈ ਉਸ ਨੂੰ ਦੇ ਰਹੇ ਹਨ, ਸਾਰੇ ਗੁਰੂ ਸਾਹਿਬਾਨ ਵਿੱਚ ਆਪਣੀ ਕੋਈ ਪਕੜ ਨਹੀਂ, ਦਸਮੇਸ਼ ਪਿਤਾ ਵਿੱਚ ਆਪਣੀ ਕੋਈ ਪਕੜ ਨਹੀਂ, ਸਾਰੀ ਮਨੁੱਖਤਾ ਦਾ ਮੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਜੋੜ ਰਹੇ ਹਨ |

ਮਹਾਂਪੁਰਖ ਦੀ ਇਹ ਵੱਡੀ ਨਿਸ਼ਾਨੀ ਹੈ ਕਿ ਉਸ ਦੀ ਕੋਈ ਆਪਣੀ ਪਕੜ ਨਹੀਂ ਹੋਵੇਗੀ | ਜਿਸ ਵਕਤ ਵੀ ਉਹ ਅਸਲ ਵਿੱਚ ਜੋੜੇਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਹੀ ਜੋੜੇਗਾ, ਕਦੇ ਵੀ ਉਹ ਆਪਣੇ ਨਾਲ ਨਹੀਂ ਜੋੜੇਗਾ |

*ਬਾਬਾ ਨੰਦ ਸਿੰਘ ਜੀ ਮਹਾਰਾਜ*

ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ||
ਹਾਰ ਪਰਾ ਮੈ ਆਨ ਦੁਆਰ ਤੁਹਿ ||
ਮਹਾਕਾਲ ਰਖਵਾਰ ਹਮਾਰੋ ||
ਮਹਾ ਲੋਹ ਮੈ ਕਿੰਕਰ ਥਾਰੋ ||
ਅਪਨਾ ਜਾਨ ਕਰੋ ਰਖਵਾਰ ||
ਬਾਂਹਿ ਗਹੇ ਕੀ ਲਾਜ ਬਿਚਾਰ ||
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ||
ਹਾਰ ਪਰਾ ਮੈ ਆਨਿ ਦੁਆਰ ਤੁਹਿ ||
ਅਪਨਾ ਜਾਨ ਮੁਝੈ ਪ੍ਰਤਿਪਰੀਐ ||
ਚੁਨ ਚੁਨ ਸਤ੍ਰ ਹਮਾਰੇ ਮਰੀਐ ||
ਦੇਗ ਤੇਗ ਜਗ ਮੈ ਦੋਊ ਚਲੈ ||

ਰਾਖ ਆਪ ਮੁਹਿ ਅਉਰ ਨ ਦਲੈ ||
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ||
ਹਾਰ ਪਰਾ ਮੈ ਆਨ ਦੁਆਰ ਤੁਹਿ||
ਤੁਮ ਮਮ ਕਰਹੁ ਸਦਾ ਪ੍ਰਤਿਪਾਰਾ ||
ਤੁਮ ਸਾਹਿਬੁ ਮੈਂ ਦਾਸ ਤਿਹਾਰਾ ||

ਜਾਨ ਆਪਨਾ ਮੁਝੈ ਨਿਵਾਜ ||
ਆਪ ਕਰੋ ਹਮਰੇ ਸਭ ਕਾਜ ||
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ||
ਹਾਰ ਪਰਾ ਮੈਂ ਆਨ ਦੁਆਰ ਤੁਹਿ||
ਤੁਮਹੋ ਸਭ ਰਾਜਨ ਕੇ ਰਾਜਾ ||
ਆਪੇ ਆਪ ਗਰੀਬ ਨਿਵਾਜਾ ||
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ||
ਹਾਰ ਪਰਾ ਮੈਂ ਆਨ ਦੁਆਰ ਤੁਹਿ||
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ||
ਹਾਰ ਪਰਾ ਮੈਂ ਆਨ ਦੁਆਰ ਤੁਹਿ||

# ਇਸ ਸਿੱਖੀ ਦੇ ਭੇਖ ਦੀ ਲਾਜ ਰੱਖੀਏ

*(ਬਾਬਾ ਨੰਦ ਸਿੰਘ ਜੀ ਮਹਾਰਾਜ)*

ਬਾਬਾ ਨੰਦ ਸਿੰਘ ਸਾਹਿਬ ਨੇ ਇੱਕ ਪਾਵਨ ਬਚਨ ਸੁਣਾਇਆ | ਬਹੁਰੂਪੀਆ ਹੈ, ਸਵਾਂਗ ਧਾਰਿਆ ਹੈ, ਰਾਜੇ ਤੋਂ

ਆਪਣੀ ਬਖਸਿਸ਼ ਮੰਗਦਾ ਹੈ ਅੱਗੋਂ ਰਾਜੇ ਨੇ ਕਿਹਾ ਕਿ “ਤੂੰ ਸਾਡੇ ਦਰਬਾਰ ਦਾ ਬਹੁਰੂਪੀਆ ਹੈਂ ਅਤੇ ਅਸੀਂ ਤੈਨੂੰ ਜਾਣਦੇ ਹਾਂ, ਜੇਕਰ ਕੋਈ ਐਸਾ ਸਵਾਂਗ ਵਰਤਾਵੇਂ ਜਿਸ ਨਾਲ ਅਸੀਂ ਤੈਨੂੰ ਪਛਾਣ ਨ ਸਕੀਏ, ਫਿਰ ਤੂੰ ਬਖਸ਼ਿਸ਼ ਦਾ ਹੱਕਦਾਰ ਹੈਂ” | ਸੱਤ ਬਚਨ ਕਹਿ ਕੇਇੱਕਪਾਸੇ ਹੋ ਗਿਆ |

ਕੁੱਝ ਸਮਾਂ ਲੰਘ ਗਿਆ ਵਜ਼ੀਰ ਨੇ ਆ ਕੇ ਰਾਜੇ ਪਾਸ ਬੇਨਤੀ ਕੀਤੀ ਕਿਇੱਕਸੰਤ ਆਏ ਹਨ | ਬਾਹਰ ਬਾਗ ਵਿੱਚ ਠਹਿਰੇ ਹਨ | ਉਨ੍ਹਾਂ ਦੀ ਬਹੁਤ ਉਸਤਤ ਸੁਣੀ ਹੈ | ਇੱਕ ਬੜੀ ਅਚੰਭੇ ਵਾਲੀ ਗੱਲ ਹੈ ਕਿ ਉਹ ਸੰਤ ਕਦੇ ਵੀ ਕੋਈ ਚੀਜ਼ ਪ੍ਰਵਾਨ ਨਹੀਂ ਕਰਦੇ, ਸਵੀਕਾਰ ਨਹੀਂ ਕਰਦੇ, ਕੋਈ ਚੀਜ਼ ਅੰਗੀਕਾਰ ਨਹੀਂ ਕਰਦੇ | ਕਈ ਜਾ ਕੇ ਉਨ੍ਹਾਂ ਦੇ ਚਰਨਾਂ ਵਿੱਚ ਚੀਜ਼ਾਂ ਰੱਖ ਆਉਂਦੇ ਹਨ ਅਤੇ ਕਈ ਜਾ ਕੇ ਚੁੱਕ ਲਿਆਉਂਦੇ ਹਨ| ਰਾਜਾ ਬੜਾ ਖੁਸ਼ ਹੋਇਆ ਕਿ ਐਸੇ ਸੰਤਾਂ ਨੇ ਸਾਡੇ ਰਾਜ ਵਿੱਚ ਚਰਨ ਪਾਏ ਹਨ, ਸਾਡੇ ਧੰਨ ਭਾਗ ਹਨ ਚੱਲੋ ਅਸੀ ਵੀ ਚੱਲ ਕੇ ਲਾਭ ਉਠਾਈਏ | ਜੋ ਰਾਜੇ ਵਲੋਂ ਬਣਦਾ ਸੀ ਉਸੇ ਤਰ੍ਹਾਂ ਦੀਆਂ ਭੇਟਾਂ ਤਿਆਰ ਕੀਤੀਆਂ ਹਨ | ਹੀਰੇ, ਜਵਾਹਰਾਤ, ਕੀਮਤੀ ਬਸਤਰ ਥਾਲ ਸਜਾ ਕੇ ਰਾਜਾ, ਅਹਿਲਕਾਰ, ਵਜ਼ੀਰ ਨਾਲ ਲੈ ਕੇ ਗਿਆ| ਜਦੋਂ ਰਾਜਾ ਪੁੱਜਿਆ, ਥਾਲ ਅੱਗੇ ਰੱਖੇ, ਬੇਨਤੀ ਕੀਤੀ ਗਰੀਬ ਨਿਵਾਜ਼ ਪ੍ਰਵਾਨ ਕਰੋ| ਸੰਤ ਜੀ ਨੇ ਰਾਜੇ ਵੱਲ ਵੇਖਿਆ ਅਤੇ ਕੋਈ ਚੀਜ਼ ਅੰਗੀਕਾਰ ਨਹੀ ਕੀਤੀ, ਸਵੀਕਾਰ ਨਹੀ ਕੀਤੀ | ਕੁੱਝ ਦੇਰ ਬੈਠਣ ਤੋਂ ਬਾਅਦ ਰਾਜਾ ਅਹਿਲਕਾਰ ਸਾਰੇ ਉੱਠ ਕੇ ਵਾਪਸ ਆ ਰਹੇ ਹਨ, ਸਭ ਥਾਲ ਵੀ ਚੁੱਕ ਲਿਆਏ ਹਨ ਕਿਉਂਕਿ ਉਨ੍ਹਾਂ ਨੇ ਅੰਗੀਕਾਰ ਨਹੀਂ ਕੀਤੇ | ਥੋੜ੍ਹੀ ਦੂਰ ਹੀ ਆਏ ਤੇ ਉਹੀ ਬਹੁਰੂਪੀਆ ਸੰਤ ਦਾ

ਭੇਖ ਉਤਾਰ ਕੇ ਰਾਜੇ ਦੇ ਅੱਗੇ ਹੱਥ ਜੋੜ ਕੇ ਖੜ੍ਹਾ ਹੋ ਗਿਆ। ਰਾਜਾ ਬੜ੍ਹਾ ਹੀ ਹੈਰਾਨ ਹੋਇਆ ਕਿਹਾ ਤੂੰ ਉਹੀ ਬਹੁਰੂਪੀਆ ਹੈਂ, ਇਹ ਸੰਤ ਦਾ ਸਵਾਂਗ ਤੂੰ ਹੀ ਧਾਰਿਆ ਹੋਇਆ ਸੀ? "ਜੀ ਹਾਂ ਗਰੀਬ ਨਿਵਾਜ਼"। ਤੇਰੇ ਅੱਗੇ ਮੈਂ ਹੀਰੇ ਜਵਾਹਰਾਤ ਰੱਖੇ, ਇੰਨੀਆਂ ਕੀਮਤੀ ਚੀਜ਼ਾਂ ਰੱਖੀਆਂ ਤੂੰ ਉਸ ਵੇਲੇ ਉਨ੍ਹਾਂ ਨੂੰ ਚੁੱਕ ਸਕਦਾ ਸੀ ਪਰ ਹੁਣ ਤੂੰ ਥੋੜ੍ਹੀ ਜਿਹੀ ਬਖਸ਼ਿਸ਼ ਮੰਗ ਰਿਹਾ ਹੈ। ਤੂੰ ਉਹ ਕਿਉਂ ਨਹੀਂ ਚੁੱਕੀਆਂ ਮੈਨੂੰ ਇਹ ਦੱਸ ? ਕਹਿਣ ਲੱਗਾ :

"ਹੇ ਰਾਜਨ! ਇੱਕ ਪਾਵਨ, ਬੜਾ ਪਵਿੱਤਰ ਭੇਖ ਮੈਂ ਧਾਰਿਆ ਸੀ, 'ਮੈਂ' ਇੱਕ ਸੰਤ ਦਾ ਪਾਵਨ ਭੇਖ, ਸਵਾਂਗ ਬਣਾਇਆ ਸੀ। ਜੇ ਉਸ ਭੇਖ ਵਿੱਚ ਕੋਈ ਵੀ ਚੀਜ਼ ਚੁੱਕ ਲੈਂਦਾ ਤਾਂ ਸੰਤ ਦੇ ਭੇਖ ਨੂੰ ਵੱਟਾ ਲੱਗ ਜਾਣਾ ਸੀ, ਮੈਂ ਉਸ ਨੂੰ ਕਲੰਕਿਤ ਨਹੀਂ ਕਰ ਸਕਦਾ ਸੀ, ਅਗਰ ਹੁਣ ਤੁਸੀ ਥੋੜ੍ਹੀ ਜਿਹੀ ਬਖਸ਼ਿਸ਼ ਦਿਓਗੇ ਉਹ ਮੇਰੇ ਧੰਨ ਭਾਗ ਹਨ"।

ਬਾਬਾ ਨੰਦ ਸਿੰਘ ਸਾਹਿਬ ਨੇ ਦੋ ਦਫਾ ਦੋਹਰਾਇਆ, "ਸੰਤ ਕੀ ਤੇ ਹੀਰੇ ਜਵਾਹਰਾਤ ਕੀ ? ਸੰਤ ਕੀ ਤੇ ਹੀਰੇ ਜਵਾਹਰਾਤ ਕੀ ? ਇਹ ਭੇਖ ਸੰਤ ਦਾ, ਮਾਤੜ ਲੋਗ ਸੰਤ ਬਣ ਗਏ ਹਨ ਪਰ ਭੇਖ ਦੀ ਲਾਜ਼ ਨਹੀਂ ਹੈ, ਸਾਡੇ ਕੰਮ ਕੀ ਹਨ"? ਕਹਿਣ ਲੱਗੇ! "ਇਹ ਜਿਹੜਾ ਪਾਵਨ ਭੇਖ ਸਿੱਖੀ ਦਾ ਸਾਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਖਸ਼ਿਆ ਹੋਇਆ ਹੈ,

ਅਸੀਂ ਅਖਵਾਂਦੇ ਹਾਂ ਗੁਰੂ ਨਾਨਕ ਪਾਤਸ਼ਾਹ ਦੇ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੱਖ ਤੇ ਸਾਡੇ ਕੰਮ ਕੀ ਹਨ, ਸਾਡੀਆਂ ਕਰਤੂਤਾਂ ਕੀ ਹਨ"। ਫਿਰ ਬਾਬਾ ਨੰਦ ਸਿੰਘ ਸਾਹਿਬ ਫੁਰਮਾਉਂਣ ਲੱਗੇ, "ਸਾਡੇ ਨਾਲੋਂ ਤਾਂ ਉਹ ਬਹੁਰੂਪੀਆ ਚੰਗਾਂ

ਹੈ ਜਿਸ ਨੂੰ ਭੇਖ ਦੀ ਲਾਜ ਹੈ, ਭੇਖ ਦੀ ਸ਼ਰਮ ਹੈ" | ਅੱਗੇ ਫੁਰਮਾਉਂਣ ਲੱਗੇ "ਇਸ ਸਿੱਖੀ ਦੇ ਭੇਖ ਦੀ ਤਾਂ ਆਪਾਂ ਲਾਜ ਰੱਖੀਏ, ਇਸ ਦੀ ਤਾਂ ਸਾਨੂੰ ਸ਼ਰਮ ਹੋਵੇ" | ਅਸੀ ਇਸਨੂੰ ਨਾ ਵੱਟਾ ਲਗਣ ਦਈਏ|

ਸਾਰੀਆਂ ਘਟਾਂ ਦੇ ਵਿੱਚ ਗੁਰੂ ਗੋਬਿੰਦ ਸਿੰਘ ਬੋਲਦਾ

ਮੇਰਾ ਕਲਗੀਆਂ ਵਾਲਾ ਬੋਲਦਾ

ਮੇਰਾ ਬਾਂਜਾਂ ਵਾਲਾ ਬੋਲਦਾ||

ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ||

ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ||

**ਗੁਰੂ ਨਾਨਕ ਦਾਤਾ ਬਖਸ਼ ਲੈ |**

**ਬਾਬਾ ਨਾਨਕ ਬਖਸ਼ ਲੈ ||**